12 P
2235
P

1065
9/91

ਸਭ ਹਕ ਰਾਖਵੇਂ ਹਨ

GOVT. OF INDIA ... ARCHIVES ... 2235

ੴ ਸਤਿਗੁਰਪ੍ਰਸਾਦਿ ॥

ਜਲੀ ਚਕ ਸਮੁੰਦਰੋਂ ਪਾਰ ਹੋਜਾ
ਨਹੀਂ ਤਾਂ ਆਂਵਦਾ ਏ ਸ਼ਾਂਤਮਈ ਗੋਲਾ

**ਨੌਕਰਸ਼ਾਹੀ ਦੀ ਛਾਤੀ**

ਵਿਚ

# ਸ਼ਾਂਤਮਈ ਗੋਲਾ


ਕਰਤਾ ਤੇ ਪ੍ਰਕਾਸ਼ਕ

## ਭਾਈ ਭਾਗ ਸਿੰਘ 'ਆਜ਼ਾਦ'

ਨਿਵਾਸੀ ਮੱਤਾ



ਮਿਲਨ ਦਾ ਪਤਾ:-

## ਗੁਰਚਰਨ ਏਜੰਸੀ

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਅਮ੍ਰਿਤਸਰ ਵਿਚ ਭਾਈ
ਰਤਨ ਸਿੰਘ ਆਜ਼ਾਦ ਮੈਨੇਜਰ ਤੇ ਪ੍ਰਿੰਟਰ ਦੇ
ਪ੍ਰਬੰਧ ਨਾਲ ਛਪਿਆ ॥

ਪਹਿਲੀ ਵਾਰ ੨੦੦੦ ਕੀਮਤ =)

NATIONAL ARCHIVES LIBRARY
No. 2235
Date 15.2.72
GOVT. OF INDIA

ੴ ਸਤਿਗੁਰਪ੍ਰਸਾਦਿ ॥

## ਦੋਹਰਾ

ਨਮੋ ਨਮੋ ਕਰਤਾਰ ਕੋ ਜਿਨ ਕਰਨੀ ਪ੍ਰਿਤਪਾਲ ।
ਸ਼ਾਂਤਮਈ ਗੋਲਾ ਰਚੂ ਲੈਕੇ ਓਟ ਅਕਾਲ॥

## ਮੰਗਲ ਛੰਦ-

ਪਹਿਲੇ ਹੈ ਡਡੌਤ ਮੇਰੀ ਕਰਤਾਰ ਨੂੰ। ਜਿਸਨੇ ਹੈ ਪੈਦਾ ਕੀਤਾ ਸੰਸਾਰ ਨੂੰ । ਦੋਵੇਂ ਹਥ ਜੋੜਕੇ ਨਵਾਵਾਂ ਸੀਸਰੀ । ਦੇਹੋ ਦਾਨ ਦਾਸ ਮੰਗਦਾ ਕਵੀਸ਼ਰੀ। ਤੁਹੀਂ ਮਹਾਰਾਜ ਤੁਹੀਂ ਹੈਂ ਬੇਅੰਤ ਜੀ। ਲੈਕੇ ਤੇਰਾ ਨਾਮ ਮੈਂ ਬਣਾਵਾ ਛੰਤ ਜੀ। ਮੰਗਲ ਦੇ ਕੜੇ ਕਰਾਂ ਦਸ ਬੀਸਰੀ। ਦੇਹੋ ਦਾਨ ਦਾਸ ਮੰਗਦਾ ਕਬੀਸ਼ਰੀ। ਭੀਲਣੀ ਦੇ ਬੇਰ ਖਾਦੇ ਬਾਰ ਬਾਰ ਜੀ। ਸਾਗਰਾਂ ਚੋ ਦੀਆ ਤੈਂ ਬਸੰਤ ਤਾਰ ਜੀ । ਏਕ ਪ੍ਰਮਾਤਮਾ ਤੂ ਏਕ ਈਸਰੀ । ਦੇਹੋ ਦਾਨ ਦਾਸ ਮੰਗਦਾ ਕਬੀਸਰੀ। ਤੰਦੂਏ ਦੇ ਜਾਲ ਛਿਨ ਮੇਂ ਕਟਾਏ ਸੀ। ਅਗ ਵਿਚੋਂ ਬਚੇ ਬਿਲੀ ਦੇ ਬਚਾਏ ਸੀ। ਕਰੋ ਮਨਜ਼ੂਰ ਬੰਦਨਾ ਦੀ ਫੀਸਰੀ । ਦੇਹੋ ਦਾਨ ਦਾਸ ਮੰਗਦਾ ਕਬੀਸਰੀ । ਤਾਰਿਆ ਭਗਤ ਆਕੇ ਪਰਲਾਦ ਸੀ। ਕੀੜੀ ਬਣ ਰਿਹਾ ਥੰਮਾਂ ਤੇ

ਬਰਾਜ ਸੀ। ਆਦ ਮਧ ਅੰਤ ਤੁਹੀਂ ਹੈ ਜੁਗੀਸ਼ਰੀ।" ਦੇਹੋ ਦਾਨ ਦਾਸ ਮੰਗਦਾ ਕਬੀਸ਼ਰੀ । ਜਾਬਰਾ ਦੇ ਨਾਲ ਜੁਧ ਸੀ ਲਗਾਲਿਆ। ਆਨ ਬਾਜਾ ਵਾਲੇ ਹਿੰਦ ਨੂ ਬਚਾ ਲਿਆ। ਪਾਪੀਆਂ ਨੂੰ ਮਾਰ ਰਖਲੀ ਹਿੰਦੀਸ਼ਰੀ। ਦੇਹੋ ਦਾਨ ਦਾਸ ਮੰਗਦਾ ਕਬੀਸ਼ਰੀ। ਪਿੰਗਲ ਦੀ ਸਾਰ ਕੁਛ ਹੈਨੀ ਮੁਝ ਨੂੰ । ਕਰਦੇ ਚਿਤੱਨ ਅਜ ਮੇਰੀ ਬੁਧ ਨੂੰ। ਸ਼ੈਹਰਾਂ ਵਾਲੀ ਲਗਿਆ ਕਰਨ ਰੀਸਰੀ । ਦੇਹੋ ਦਾਨ ਦਾਸ ਮੰਗਦਾ ਕਬੀਸ਼ਰੀ। ਮੰਜ ਸੀ ਭਗਤ ਖੂਹੇ ਵਿਚੋਂ ਰਖਿਆ ਧੰਨ ਮਾਹਰਾਜ ਤੁਹੀਂ ਪਾਈ ਸਤਿਆ। ਭਾਗ ਸਿੰਘਾ ਕਾਪੀ ਰਚ ਦੇਈਂ ਤੀਸਰੀ । ਦੇਹੋ ਦਾਨ ਦਾਸ ਮੰਗਦਾ ਕਬੀਸ਼ਰੀ।

### ਕੋਰੜਾ ਛੰਦ

ਕਰਦਾ ਤਿਆਰ ਕਾਪੀ ਮਜਬੂਤ ਮੈਂ। ਜਾਬਰਾਂ ਦੀ ਦਸਾਂ ਹੁਣ ਕਰਤੂਤ ਮੈਂ। ਕੋਰੜੇ ਦੇ ਵਿਚ ਸਾਰੇ ਦੇਵਾਂ ਭਰ ਜੀ। ਜਿਵੇਂ ਅਨਸਾਫ ਸਰਕਾਰ ਕਰਦੀ। ਬਾਲਕਾਂ ਜਾ ਕੋਈ ਟੋਭੇ ਡੁਬ ਜਾਂਵਦਾ। ਚੜ੍ਹਕੇ ਤੇ ਠਾਣਾ ਸਾਡੇ ਉਤੇ ਆਂਵਦਾ।ਆਣਕੇ ਗਰੀਬਾਂ ਤਾਂਈਂ ਜੋਰ ਪਾਂਵਦੇ। ਮਾਰ ਮਾਰ ਬੈਤਾਂ ਹੋਸ਼ ਨੂੰ ਭੁਲਾਂਵਦੇ। ਇਕਤਾ ਦੇ ਬੈਂਹਦੇ ਅਸੀਂ ਘਰੋ ਪੁਤ ਜੀ । ਦੂਜੀ

ਅੰਗ੍ਰੇਜ਼ ਪਾਂਵਦੇ ਨ ਲੁਟ ਜੀ। ਕਾਗਜਾਂ ਨੂੰ ਸਾਡੇ ਹਥ ਹੈ ਫੜਾਂਵਦੇ। ਸੋਨੇ ਚਾਂਦੀਆਂ ਨੂੰ ਲੁਟਕੇ ਲੈ ਜਾਂਵਦੇ। ਧਰਮੀਆਂ ਦੇ ਉਤੇ ਹੈ ਜ਼ੁਲਮ ਕਰਦੇ। ਏਹ ਤਾਂ ਬੇਈਮਾਨ ਭੁਖੇ ਹੋ ਗਏ ਜ਼ਰ ਦੇ। ਕਢਕੇ ਰੌਲਟਬਿਲ ਸਾਨੂੰ ਦਸਦੇ। ਵੇਖੋ ਕਿਡੀ ਕਹਿਰ ਦੀ ਕਮਾਨ ਕਸਦੇ। ਐਤਨਾ ਚਿਰ ਅਸਾਂ ਸ਼ਾਨਤੀਆਂ ਕੀਤੀਆਂ। ਜਾਣਦੇ ਹਾਂ ਅਸੀ ਸਾਡੇ ਨਾਲ ਬੀਤੀਆਂ। ਖੋਲ ਖੋਲ ਗਲਾਂ ਮੈਂ ਸੁਣਾਵਾਂ ਸਚੀਆਂ। ਦੁਖਾਂ ਦੀਆਂ ਲਾਟਾਂ ਕਾਲਜੇਚ ਮਚੀਆਂ। ਜਿਥੇ ਜਿਥੇ ਏਹਨਾਂ ਜੁਲਮ ਗੁਜਾਰੇ ਹੈਂ। ਭਾਗ ਸਿੰਘਾ ਖੋਲਕੇ ਸੁਨਾਦੇ ਸਾਰੇ ਹੈਂ।

### ਬੈਂਤ

ਪਹਿਲੇ ਵਿਚ ਨਨਕਾਣੇ ਦੇ ਖਾਲਸਾ ਜੀ ਵੇਖੋ ਜਾਬਰਾਂ ਜੁਲਮ ਕੁਮਾਏ ਦਿਤੇ। ਗੁਰ ਅਸਥਾਨ ਦੇ ਵਿਚ ਮਰਾਸਣਾਂ ਤੋਂ ਸੀ ਨਰੈਣੂ ਨੇ ਨਾਚ ਕਰਾਏ ਦਿਤੇ। ਮਿਲਕੇ ਨਾਲ ਮਹੰਤ ਦੇ ਜਾਬਰਾਂ ਨੇ ਦੋ ਸੌ ਵੀਰ ਸੀ ਓਥੇ ਕੁਹਾਏ ਦਿਤੇ। ਅਗੇ ਰਖਕੇ ਜਾਬਰਾਂ ਗੋਲੀਆਂ ਦੇ ਸਾਡੇ ਵੀਰ ਨਸ਼ਾਨੇ ਬਣਾਏ ਦਿੱਤੇ। ਸੀਸ ਵੱਡਕੇ ਧਰਮੀ ਪੁਤ੍ਰਗਿਆਂ ਦੇ ਅਤੇ ਧੜਾਂ ਤੋਂ ਦੂਰ ਕਰਾਏ ਦਿੱਤੇ। ਫੇਰ ਅਜੇ ਵੀ ਬਸ

ਚਲੇ ਗੋਲੀ ਪਿਛੋਂ ਪੈਣ ਠੁਡੇ ਕੇਡਾ ਜਾਬਰਾ ਗਦਰ ਮਚਾਇਆ ਸੀ। ਬੇੜਾ ਵਿਚ ਸਮੁੰਦਰਾਂ ਡੁਬਦਾ ਸੀ ਅਸਾਂ ਸੀਸ ਦੇ ਭੇਟ ਕਡਾਇਆ ਸੀ। ਸਸੇ ਆਪਨੀ ਜਾਨ ਬਚੌਨ ਖਾਤਰ ਕੂਏ ਵਿਚ ਤੂ ਸ਼ੇਰ ਰੁੜ੍ਹਾਇਆ ਸੀ। ਓਦੋਂ ਆਖਦਾ ਸੀ ਰਖੋ ਜਾਨ ਮੇਰੀ ਪਿਆਰਾ ਖਾਲਸਾ ਯਾਰ ਬਣਾਇਆ ਸੀ। ਭਾਗ ਸਿੰਘ ਓਹ ਵੇਲੜਾ ਯਾਦ ਨਾਹੀਂ ਤੈਨੂੰ ਫਸੇ ਨੂੰ ਆਨ ਛੁਡਾਇਆ ਸੀ।

### ਐਜਨ

ਐਸ ਸਮੇਂ ਦੀ ਹੁੰਦੀ ਜੇ ਖਬਰ ਸਾਨੂੰ ਤੈਨੂੰ ਜਾਬਰਾ ਮੁਆਮਲੇ ਪਾ ਦਿੰਦੇ ਕਈਆਂ ਟਾਪੂਆਂ ਚੋਂ ਬੇੜਾ ਕਡ ਆਂਦਾ ਹੁੰਦੀ ਖਬਰ ਜੇ ਵਿਚ ਡੁਬਾਦਿੰਦੇ। ਅਸੀ ਛਾਤੀਏ ਗੋਲੀਆ ਝਲਦੇ ਨਾ ਤੈਨੂੰ ਜਰਮਨ ਸੀ ਰੰਗ ਵਖਾ ਦਿੰਦੇ। ਸਾਨੂੰ ਖਬਰ ਨਹੀਂ ਸੀ ਏਨੀ ਭਾਗ ਸਿੰਘਾ ਬਾਗੀ ਕਹਿਣ ਦਾ ਮਜਾ ਚਖਾ ਦਿੰਦੇ।

### ਐਜਨ

ਤੇਰੇ ਜੇਹੀਆਂ ਹਕੂਮਤਾਂ ਹੁੰਦੀਆਂ ਤੋਂ ਮਿਲੇ ਧਰਮੀਆਂ ਦੇ ਤਾਂਈਂ ਚੈਨ ਕਿਥੇ। ਸੀਨਾ ਪਛਿਆ ਦੁਖਾਂ ਦੇ ਨਾਲ ਜੀਦਾਂ ਨਿਕਲੇ ਓਸਨੂੰ ਸੁਖਾਂ ਦੀ ਰੈਨ ਕਿਥੇ। ਨਾਭੇ ਪਤੀ ਦੇ ਪਕੜੇ ਜਾਣ ਮਗਰੋਂ

5

ਸਾਡੇ ਵੀਰ ਸੋਹਣੇ ਘਰੀਂ ਬੈਨ ਕਿਥੇ। ਧੜਾ ਜਿਨ੍ਹਾਂ ਦੀਆਂ ਪਿੰਜਰੇ ਵਿਚ ਪਈਆਂ ਔਣ ਨੀਂਦਰਾਂ ਤੇ ਨਿਕਲੇ ਰਹਿਨ ਕਿਥੇ । ਤੇਰੇ ਜੇਹਿਆਂ ਜਾਬਰਾ ਪਾਪੀਆਂ ਨੂੰ ਰਬ ਚਾਹੇ ਤੇ ਮੁਆਮਲੇ ਪੈਣ ਕਿਥੇ। ਕੂਕ ਸੁਣੇ ਕਰਤਾਰ ਜੇ ਧਰਮੀਆਂ ਦੀ ਸਾਡੇ ਵੀਰ ਜੇਹਲਾਂ ਵਿਚ ਰੈਹਣ ਕਿਥੇ । ਭਾਗ ਸਿੰਘ ਪੰਜਾਬੀ ਨੇ ਫੈਲ ਜਾਣਾ ਤੇਰੀ ਸੁਣੇ ਕੇਹੜਾ ਗਿਟ ਮੈਨ ਕਿਥੇ।

## ਐਜਨ

ਅਜੇ ਵੇਲੜਾ ਜਾਬਰਾ ਬਾਜ ਆਜਾ ਕਰੀ ਚਿਤ ਦੇ ਵਿਚ ਹੰਕਾਰ ਨਾਹੀਂ । ਹਤਿਆਰਿਆ ਗੁਰੂ ਦੇ ਬਾਗ ਆਕੇ ਧਰਮੀ ਵੀਰਾਂ ਤੇ ਕਹਿਰ ਗੁਜਾਰ ਨਾਹੀਂ। ਸਦਾ ਜਿਤ ਨਾ ਜਾਬਰਾ ਰਹਿ ਤੇਰੀ ਸਦਾ ਧਰਮੀਆਂ ਦੀ ਰਹੇ ਹਾਰ ਨਾਹੀਂ । ਸਦਾ ਪੈਣ ਵਛੋੜੇ ਨਾ ਧਰਮੀਆਂ ਨੂੰ ਸਦਾ ਮਿਲਣ ਪਿਆਰੜੇ ਯਾਰ ਨਾਹੀਂ। ਮਗਰ ਸੋਹਣੀ ਦੇ ਮਾਹੀ ਨੇ ਛਡ ਔਣਾ ਸਦਾ ਵੇਖਣਾ ਬਲਖ ਬੁਖਾਰ ਨਾਹੀਂ। ਸਦਾ ਚੜ੍ਹੇ ਨਾ ਰਹਿਣ ਪਤੰਗ ਤੇਰੇ ਸਦਾ ਰਹੇ ਸੁਰਾਜ ਦੀ ਤਾਰ ਨਾਹੀਂ । ਭਾਗ ਸਿੰਘ ਪੰਜਾਬ ਨੂੰ ਛੱਡ ਜਾਣਾ ਸਦਾ ਵੇਖੇਂ ਲਾਹੌਰ

ਬਾਜ਼ਾਰ ਨਾਹੀਂ ।

ਅਜ ਜ਼ੁਲਮ ਕੁਮਾਲੈ ਦਿਲ ਚਾਹੇ ਕਿਸੇ ਰੋਜ਼ ਨੂੰ ਔਖੜੀ ਜਾਨ ਹੋਸੀ । ਫੇਰਾ ਪਾਵਣਾ ਕਲਗੀਆਂ ਵਾਲੜੇ ਨੇ ਫੜੀ ਹਥ ਦੇ ਵਿਚ ਕਮਾਣ ਹੋਸੀ । ਤੁਸਾਂ ਲੈਂਦਨੋਂ ਉਰੇ ਨਾ ਪੈਰ ਧਰਨਾ ਜਦੋਂ ਚਲਣੇ ਗੁਰਾਂ ਦੇ ਬਾਣ ਹੋਸੀ । ਕੰਨੋਂ ਫੜਕੇ ਕਡਣਾ ਬਾਹਰ ਤੈਨੂੰ ਭਾਗ ਸਿੰਘ ਜਦ ਏਕ ਜਹਾਨ ਹੋਸੀ ॥

## ਐਜਨ

ਐਨੇ ਬਾਵਾਂ ਤੋਂ ਖਾਇਕੇ ਹਾਰ ਜਾਬਰ ਜੈਤੋ ਵਿਚ ਕੀ ਕਹਿਰ ਕਮੌਣ ਲਗੇ । ਜਬੀ ਬਾਣ ਲਾਗੇ ਤਬੀ ਰੋਸ ਜਾਗੇ ਜਾਣੇ ਆਪਦੇ ਖੋਜ ਮਕੌਣ ਲਗੇ । ਚੰਗੀ ਚਾਲ ਖੇਡੀ ਆਂਵਦੀ ਸ਼ਰਮ ਨਾਹੀਂ ਗਡੀ ਧਰਮੀਆਂ ਤਾਂਈਂ ਝੜੌਨ ਲਗੇ । ਭੁਖੇ ਰਖਕੇ ਧਰਮੀ ਪਰਵਾਨਿਆਂ ਨੂੰ ਬਾਵਲ ਕਾਟੀ ਦੇ ਵਲ ਪਚੌਣ ਲਗੇ । ਜਖਮ ਅਲੜੇ ਅਜੇ ਚਮਾਦੜੇ ਨੇ ਦੂਜਾ ਆਨਕੇ ਨਿਮਕ ਛੜਕੌਨ ਲਗੇ । ਰਾਤਾਂ ਕਾਲੀਆਂ ਦੇ ਵਿਚ ਭਾਗ ਸਿੰਘਾ ਨੰਗੇ ਵਰਖਾ ਦੇ ਵਿਚ ਖੜੌਨ ਲਗੇ ।

## ਵਾਕ ਕਵੀ

ਤੈਨੂੰ ਆਖਦੇ ਜ਼ੁਲਮ ਨਾ ਕਰੀ ਐਨਾ ਤੇਰੇ

2

ਜ਼ੁਲਮ ਦਾ ਨਸ਼ਟ ਉਠਾਦਿਆਂਗੇ। ਧੋਖੇ ਧਰਮੀਆਂ ਨਾਲ ਨਾ ਕਰੀ ਜਾਬਰ ਤੇਰੇ ਧੋਖੇ ਦਾ ਫਲ ਦੀਵਾਦਿਆਂਗੇ। ਖੜਾ ਹੋਇਕੇ ਸਾਵਣੇ ਫੇਰ ਕਰਲੈ ਹਸ ਹਸਕੇ ਛਾਤੀਆਂ ਡਾਹਦਿਆਂਗੇ। ਸਾਡੀ ਕੌਮ ਹੈ ਬੀਰ ਬਹਾਦਰਾਂ ਦੀ ਧੁੰਮਾਂ ਵਿਚ ਜਹਾਨ ਦੇ ਪਾ ਦਿਆਂਗੇ। ਗੋਲੀ ਜਬਰ ਦੀ ਪਿਆ ਚਲਾਂਵਦਾ ਜਾ ਸਤਨਾਮ ਦਾ ਬੰਬ ਚਲਾਦਿਆਂਗੇ। ਧਾਮ ਗੁਰੂ ਦੇ ਛਡਣੇ ਮੂਲ ਨਹੀਓਂ ਜਿੰਨੇ ਲਗਣਗੇ ਸੀਸ ਲਗਾ-ਦਿਆਂਗੇ। ਟੋਟੇ ਜਿਗਰ ਦੇ ਆਪਣੇ ਲਾਲ ਸੋਹਣੇ ਵਾਂਗ ਬਕਰੇ ਅਸਾਂ ਕੁਹਾਦਿਆਂਗੇ। ਘਰ ਬਾਰ ਅਤੇ ਧਨ ਮਾਲ ਸਾਰਾ ਬੱਚਾ ਬੱਚਾ ਵੀ ਜੇਹਲੀਂ ਪੁਚਾਦਿਆਂਗੇ। ਭਾਗ ਸਿੰਘ ਆਖੇ ਵੇਲਾ ਯਾਦ ਰਖੀ ਤੇਰੇ ਖੱਟੇ ਕਰ ਦੰਦ ਵਖਾਦਿਆਂਗੇ।

ਵਾਕ ਕਵੀ

ਸਾਡੀ ਕੌਮ ਹੈ ਬੇ ਅਰਾਮੀਆਂ ਦੀ ਲੈਣਾ ਨਹੀਂ ਅਰਾਮ ਨਾ ਲੈਣ ਦੇਣਾ। ਜਿੰਨਾ ਚਿਰ ਨਾ ਧਾਮ ਆਜ਼ਾਦ ਹੋਸਨ ਘਰੇ ਬੈਠਣਾ ਨਹੀਂ ਥੇਨੂ ਬੈਹਣ ਦੇਣਾ। ਗੋਲ ਕਰਕੇ ਬਿਸਤਰਾ ਤੋਰ ਦੇਣਾ। ਸੁਖੀ ਜਿੰਦ ਲੈਕੇ ਨਹੀਂ ਪੈਣ ਦੇਣਾ। ਨਾਭਾ ਤਖਤ ਬਠਾ-ਵਣਾ ਭਾਗ ਸਿੰਘਾ ਫੜਿਆ ਤੁਸਾਂ ਦੇ ਕੋਲ ਨਹੀਂ

ਰੈਹਣ ਦੇਣਾ ॥

ਤਰਜ਼—ਡੋਕ

ਐਡੇ ਤੂੰ ਐਡੇ ਜਾਬਰ ਕਹਿਰ ਕਮਾਈ ਨਾ,
ਧਰਮੀਆ ਸਿੰਘਾਂ ਤਾਈਂ ਪੁਠੇ ਲਟਕਾਈ ਨਾ,
ਸਿੰਘਾਂ ਦੇ ਕੀਤੇ ਪਰ ਉਪਕਾਰ ਭੁਲਾਈ ਨਾ,
ਡੁਬਦਾ ਹੀ ਬੇੜਾ ਜਿੱਨ੍ਹਾਂ ਪਾਰ ਲਗਾਣਾ ਹੈ।
ਆਖਰ ਨੂੰ ਤੂਹੀਏ ਜਾਬਰ ਪਿਛੋਂ ਪਛਤਾਣਾ ਹੈ।
ਐਨਾ ਨਾ ਖਿਚੀ ਪਾਪੀ ਚਿਤ ਹੰਕਾਰ ਨੂੰ,
ਇਕ ਦਿਨ ਛਡਕੇ ਉਠਜੇ ਦੁਲੇਦੀ ਬਾਰ ਨੂੰ,
ਯਾਦ ਕਰ ਭੁਲਿਆ ਜਾਬਰ ਸਚੇ ਕਰਤਾਰ ਨੂੰ,
ਜਮਾਂ ਦੇ ਪਾਸੋਂ ਜੀ ਨੇ ਤੈਨੂੰ ਛੁਡਾਣਾ ਹੈ।
ਆਖਰ ਨੂੰ ਤੂਹੀਏ ਜਾਬਰ:
ਧਰਮੀਆਂ ਨਾਲ ਬੜੇ ਧੋਖੇ ਕਮਾਏ ਨੇ,
ਅਕਾਲੀ ਬਣਾਕੇ ਸਾਡੇ ਵਿਚ ਬਠਾਏ ਨੇ,
ਸੀ.ਆਈ.ਡੀ.ਵਾਲੇ ਮੁਖੋਂ ਆਖ ਸੁਣਾਏ ਨੇ,
ਫੁਟਾਂ ਦੇ ਤੀਰ ਸਾਡੇ ਵਿਚ ਚਲਾਨਾ ਹੈ।
ਆਖਰ ਨੂੰ ਤੂਹੀਏ ਜਾਬਰ ਪਿਛੋਂ ਪਛਤਾਣਾ ਹੈ।
ਤਰਸ ਨਾ ਆਵੇ ਡਾਂਗਾਂ ਮਾਰੇ ਬੇਦੋਸ਼ਿਆਂ ਨੂੰ,
ਧੂ ਧੂ ਲੈ ਜਾਵੇ ਰੋੜਾਂ ਉਤੇ ਬੇਹੋਸ਼ਿਆਂ ਨੂੰ,
ਸੱਤਗੁਰ ਨੂੰ ਜਪਦੇ ਸਿੰਘਾਂ ਹੋਏ ਖਮੋਸ਼ਿਆਂ ਨੂੰ,

ਯਾਦ ਨੀ ਕਰਦਾ ਜਾਬਰ ਪ੍ਰਭੂ ਦਾ ਭਾਣਾ ਹੈ।
ਆਖਰ ਨੂੰ ਤੁਹੀਏ ਜਾਬਰ ਪਿਛੋਂ ਪਛਤਾਣਾ ਹੈ।
ਜਿਉਂ ਜਿਉਂ ਸਿੰਘਾਂ ਉਤੇ ਕਰੇ ਕਰੜਾਈਆਂਨੇ,
ਪੋਡ ਨੂੰ ਕੱਟੇ ਲਗਰਾ ਦੂਣ ਸਵਾਈਆਂ ਨੇ,
ਸਤਿਗੁਰਦੀਆਂਓਟਾਂਧਰਮੀਂਸਿੰਘਾਂਤਕਾਈਆਂਨੇ,
ਜਿੰਦਗੀ ਦਾ ਬੇੜਾ ਜੀ ਨੇ ਬੰਨੇਲਗਾਣਾ ਹੈ।
ਆਖਰ ਨੂੰ ਤੁਹੀਂ ਜਾਬਰ ਪਿਛੋਂ ਪਛਤਾਣਾ ਹੈ।
ਚਾਰ ਦਿਹਾੜੇ ਏਥੇ ਰੈਹਣਗੀਆਂ ਚੋਲੀਆਂ,
ਧਰਮ ਦੀ ਖਾਤਰ ਅਸੀ ਝੱਲਾਂਗੇ ਗੋਲੀਆਂ,
ਭਠੀਆਂ ਦੇ ਵਿਚ ਭਾਵੇਂ ਕਰਦੀਤੂੰਹੋਲੀਆਂ,
ਜਿਸਦਾ ਹੈ ਸੀਸ ਓਹਦੇ ਹਥ ਫੜਾਣਾ ਹੈ।
ਆਖਰ ਨੂੰ ਤੁਹੀਏ ਜਾਬਰਪਿਛੋਂ ਪਛਤਾਣਾ ਹੈ।
ਧਰਮੀਂ ਆਜ਼ਾਦ ਇਸ ਦੁਨੀਆਂਵਿਚ ਰੈਹਣਗੇ,
ਤੇਰ ਜੇਹਿਆ ਪਾਪੀਆਂਤਾਂਈਂਮੁਆਮਲੇਪੈਣਗੇ,
ਫਿਟੇ ਮੂੰਹ ਫਿਟੇ ਸਾਰੇ ਲੋਕ ਹੀ ਕਹਿਣਗੇ,
ਆ ਜਾਊ ਯਾਦ ਜੇਹੜਾ ਜੁਲਮਕਮਾਣਾ ਹੈ।
ਆਖਰ ਨੂੰ ਤੁਹੀਏ ਜਾਬਰ ਪਿਛੋਂ ਪਛਤਾਣਾਹੈ।
ਜਬੀ ਜਬੀ ਬਾਣ ਲਗੇ ਤਬੀ ਰੋਸ ਜਾਗਦਾ,
ਕਲਗੀਆਂ ਵਾਲਾ ਸਤਗੁਰ ਘਟਘਟਬਰਾਜਦਾ,
ਖਾਲਸਾ ਪੰਥ ਜੇਹੜਾ ਆਇਕੇ ਸਾਜਦਾ,

ਸਵਾ ਲਖ ਨਾਲ ਜੀ ਨੇ ਇਕ ਲੜਾਣਾ ਹੈ।
ਆਖਰਨੂੰ ਤੁਹੀਏ ਜਾਬਰ ਪਿਛੋਂ ਪਛਤਾਣਾ ਹੈ।
ਸਦਾ ਨਾ ਹੋਕੇ ਬੈਠਾ ਰਹੇ ਲਚਾਰ ਤੂੰ,
ਸ਼ਾਂਤੀ ਵਾਲਾ ਹਥ ਫੜ ਹਥਿਆਰ ਤੂੰ,
ਸਤਿਗੁਰ ਅਗੇ ਪੈਹਲੇ ਅਰਜ਼ ਗੁਜ਼ਾਰ ਤੂੰ,
ਭਾਗ ਤੂ ਸਿੰਘਾ ਜਿਸਦੀ ਓਟ ਤਕਾਣਾ ਹੈ।
ਆਖਰ ਨੂੰ ਤੁਹੀਏ ਜਾਬਰ ਪਿਛੋਂ ਪਛਤਾਣਾਹੈ।

ਸਤਿਗੁਰੂ ਅਗੇ ਫਰਿਆਦ ॥ ਬੈਂਤ

ਤੇਰੇ ਪੰਥ ਤੇ ਔਕੜਾਂ ਆਨ ਪਈਆਂ ਦਿਲ ਭੁਖਿਆਂ ਦੇ ਪਏ ਫਟਕਦੇ ਨੇ। ਨੰਗੇ ਧੜ ਤੇ ਕੇਸਾਂ ਨੂ ਬੰਨ ਰੱਸੇ ਤੇਰੇ ਸਿੰਘ ਬ੍ਰਿਛਾਂ ਨਾਲ ਲਟਕਦੇ ਨੇ। ਪੱਥਰ ਜੰਮਦੇ ਨੇ ਜਿਥੇ ਕੰਕਰਾਂ ਦੇ ਡੇਰੇ ਮਲ ਬੈਠੇ ਕਿਲੇ ਅਟਕਦੇ ਨੇ। ਰਾਤਾਂ ਕਾਲੀਆਂ ਚੱਲਦੀ ਪੌਣ ਠੰਡੀ ਬੱਦਲ ਬਿਜਲੀਆਂ ਭੀ ਪਏ ਗੜਦੇ ਨੇ। ਵਿਚ ਸਰਦੀਆਂ ਰੱਤ ਸੁਕਾਈ ਜਾਂਦੇ ਦਿਲ ਸਿੰਘਾਂ ਦੇ ਮੂਲ ਨਾ ਧੜਕਦੇ ਨੇ। ਛੁਰੀ ਜਬਰ ਦੀ ਫੜੀ ਹੈ ਪਾਪੀਆਂ ਨੇ। ਸਿੰਘ ਬੱਕਰੇ ਵਾਂਗਰਾਂ ਝਟਕਦੇ ਨੇ। ਜੇਠ ਵਿਚ ਬੈਠੇ ਰੇਤਾਂ ਤੱਤੀਆਂ ਤੇ ਭਾਗ ਸਿੰਘ ਹੋਰੀ ਪਏ ਤੜਫਦੇ ਨੇ ॥

ਧਰਮੀਆਂ ਨੇ ਫੁਲਾਂ ਵਾਂਗੂ ਸਾਗਰਾਂ'ਚੋ ਤਰਨਾ ॥ ਜੇਹੜੀ ਦੇਹੀ ਪਿਛੇ ਪਿਆ ਜ਼ੁਲਮ ਕਮਾਂਵਦਾ ਤੂੰ ਏਹ ਤਾਂ ਹੈ ਸਰੀਰ ਕਚੇ ਘੜੇ ਵਾਂਗੂ ਖਰਨਾ। ਚਾਰ ਦਿਨ ਜੀਵਣਾ ਜਹਾਨ ਉਤੇ ਭਾਗ ਸਿੰਘਾ ਛਡਕੇ ਧਰਮ ਅਸਾਂ ਐਵੇਂ ਨਹੀਂ ਮਰਨਾ।

ਬੈਂਤ-ਗੋਲੇ ਦੀ

ਜਲਦੀ ਚਕ ਸਮੁੰਦਰੋਂ ਪਾਰ ਹੋਜਾ ਨਹੀਂ ਤਾਂ ਹੁਣੇ ਹੀ ਸ਼ਾਂਤੀ ਆਏ ਗੋਲਾ। ਤੋਪ ਸ਼ਾਂਤੀ ਬੀੜਕੇ ਖਾਲਸੇ ਨੇ ਸਤਿਨਾਮ ਦਾ ਦੇਣਾ ਚਲਾਏ ਗੋਲਾ। ਤੋਪਾਂ ਗਨਾਂ ਮਸ਼ੀਨਾਂ ਜੋ ਬੇੜੀਆਂ ਨੇ ਦੇਵੇਂ ਲੰਦਨ ਨੂੰ ਮੁਖ ਭੁਵਾਏ ਗੋਲਾ। ਰੱਜ ਰੱਜਕੇ ਜਾਬਰਾ ਜ਼ੁਲਮ ਕਰ ਲੈ ਤੈਨੂੰ ਦੇਵਸੀ ਰੰਗ ਵਖਾਏ ਗੋਲਾ। ਕਰੀਂ ਜਾਬਰਾ ਨਹੀਂ ਹੰਕਾਰ ਐਨਾ ਤੇਰਾ ਦੇਵਸੀ ਤੁਖਮ ਉਠਾਏ ਗੋਲਾ। ਅਜੇ ਵਿਗੜਿਆ ਕੁਝ ਨਹੀਂ ਬਾਜ ਆਜਾ ਭਾਗ ਸਿੰਘ ਵੀ ਆਖ ਸੁਨਾਏ ਗੋਲਾ॥

ਸਿੰਘਾਂ ਤੇ ਅਤੀ ਹੀ ਭੀੜਾਂ ਪਈਆਂ ਨੂੰ
ਵੇਖਕੇ ਕਲਗੀਆਂ ਵਾਲੇ ਨੇ ਦਰਸ਼ਨ ਦੇਣੇ

ਮਹੀਨਾ ਮਾਘ ਤੇ ਦਿਨ ਸੀ ਬੁਧ ਵਾਰ ਸੰਮਤ ਉੱਨੀ ਸੌ ਅਸੀ ਬਤਾਂਵਦਾ ਮੈਂ। ਸੁਤਾ ਪਿਆ ਸੀ ਰਾਤ ਦੇ ਦਸ ਵਜੇ ਚਿਤ ਵਿਚ ਸੰਕਲਪ ਦੁੜਾਂਵਦਾ

ਮੈਂ । ਅੰਮ੍ਰਿਤਸਰ ਜੀ ਚਲਕੇ ਖਾਲਸਾ ਜੀ ਨਾਮ ਲਖੌਣ ਦੀ ਸੁਤਾ ਟਕਾਂਵਦਾ ਮੈਂ । ਪੰਜ ਸੌ ਦੇ ਜੱਥੇ ਚ ਨਾਮ ਦੇਕੇ ਜੈਤੋ ਪੌਣੀ ਸ਼ਹੀਦੀਏ ਚਾਂਵਦਾ ਮੈਂ ॥

ਰੁਬਾ

ਮਿਠੀ ਮਿਠੀ ਸੀ ਕਣੀਆਂ ਦੀ ਭੂਰ ਪੈਂਦੀ ਘਟਾਂ ਚਾਰ ਚੁਫੇਰਿਓਂ ਛਾਈਆਂ ਸੀ । ਜਿਗਰ ਕਰਦਿਆਂ ਲਗ ਗਈ ਅੱਖ ਮੇਰੀ ਅਤੇ ਗੂੜੀਆਂ ਨੀਂਦਰਾਂ ਆਈਆਂ ਸੀ । ਪਾਪੀ ਜੀਵ ਨੂੰ ਫਿਕਰ ਨਾ ਮੂਲ ਕੋਈ ਪਿਆ ਲੈਕੇ ਉਤੇ ਤੁਲਾਈਆਂ ਸੀ। ਦੋ ਵਜੇ ਦਾ ਵਕਤ ਸੀ ਆਨ ਹੋਇਆ ਖੁਲੀ ਅੱਖ ਗੁਰਬਾਣੀਆਂ ਗਾਈਆਂ ਸੀ॥

ਐਜਨ

ਆਈ ਜਾਗ ਤੇ ਹੋਇਕੇ ਤੁਰਤ ਬੈਠਾ ਸਚੇ ਗੁਰੂ ਦਾ ਨਾਮ ਧਿਆਂਵਦਾ ਮੈਂ।ਜਪੁਜੀ ਸਾਹਿਬ ਦਾ ਦਾਸ ਨੇ ਪਾਠ ਕੀਤਾ ਜਾਪ ਸਾਹਿਬ ਨੂੰ ਸ਼ੁਰੂ ਕਰਾਂਵਦਾ ਮੈਂ ਸਵੱਯੇ ਚੌਪਈ ਅਨੰਦ ਦਾ ਪਾਠ ਕਰਕੇ ਨਿਤ ਨੇਮ ਸੰਪੂਰਨ ਕਰਾਂਵਦਾ ਮੈਂ । ਅਜੇ ਗੱਡੀ ਦੇ ਵਿਚ ਸੀ ਡੇਰ ਬਹੁਤੀ ਬੈਠਾ ਬੈਠਾ ਹੀ ਟੇਡਾ ਹੋਜਾਂਵਦਾਮੈਂ।

ਐਜਨ

ਟੇਡਾ ਹੋਇਕੇ ਤੇ ਸਤਾ ਪਿਆ ਸੀ ਮੈਂ ਪਏ ਪਏ

ਨੂੰ ਸੁਫਨਾ ਆਂਵਦਾਏ। ਦਬੜ ਦਬੜ ਹੋਈ ਘੋੜਾ ਕੋਲ ਖਲਾ ਉਤੇ ਸ੍ਰੀ ਦਸਮੇਸ ਦਿਸ ਆਂਵਦਾਏ। ਕਲਗੀ ਸੀਸ ਤੇ ਬਾਂਕੀ ਕੁਮਾਨ ਕੋਲੇ ਸੋਹਣਾ ਹਥ ਤੇ ਬਾਜ ਸੁਹਾਂਵਦਾਏ। ਮਿਠੀ ਮਿਠੀ ਅਵਾਜ ਦੇ ਨਾਲ ਮੈਨੂੰ ਕਲਗੀ ਵਾਲੜਾ ਹੁਕਮ ਸੁਣਾਂਵਦਾਏ।

ਤੁਬਾ

ਸਤਿਗੁਰ ਆਖਿਆ ਵਕਤ ਨਹੀਂ ਸੋਵਣੇ ਦਾ ਉਠ ਰੱਬ ਦਾ ਨਾਮ ਧਿਆ ਸਿਖਾ। ਅੰਮ੍ਰਿਤ ਵੇਲੇ ਦਾ ਜਾਗਣਾ ਅਵਰ ਭਾਈ ਉਠ ਨਾਮ ਅਸ਼ਨਾਨ ਦਿਰੜਾ ਸਿਖਾ। ਗਡੀ ਔਣ ਦੇ ਵਿਚ ਡੇਰ ਥੋੜੀ ਗਫਲਤ ਵਿਚ ਨਾ ਵਕਤ ਗੁਵਾ ਸਿਖਾ ਮੇਰਾ ਛੋੜੀ ਸਨੇਹੜਾ ਭਾਗ ਸਿੰਘਾ ਮੇਰੇ ਪੰਥ ਨੂੰ ਦੇਈ ਸੁਣਾਏ ਸਿਖਾ।

ਬਾਜਾਂ ਵਾਲੇ ਦਾ ਪੰਥ ਨੂੰ ਸਨੇਹੜਾ

ਮੇਰਾ ਰਖੋ ਸਨੇਹੜਾ ਯਾਦ ਸਿੰਘੋ ਥੋੜੀ ਡੇਰ ਦੇ ਵਿਚ ਬੀ ਆਂਵਦਾ ਮੈਂ। ਹੋਇਆ ਕੀ ਜੇ ਜਾਬਰਾ ਜੋਰ ਪਾਇਆ ਸਵਾ ਲੱਖ ਸੇ ਏਕ ਲੜਾਂਵਦਾ ਮੈਂ। ਮੇਰੇ ਵੱਲ ਵੀ ਜਾਬਰ ਖਿਆਲ ਰਖਣ ਗੁਰੂ ਚਿੜੀਆਂ ਤੋਂ ਬਾਜ ਤੁੜਾਂਵਦਾ ਮੈਂ। ਥੋੜੀ ਡੇਰ ਹੁਣ ਕਸ਼ਟ ਸਹਾਰੀ ਚਲੋ ਆਕੇ ਜੁਲਮ ਦਾ ਨਸ਼ਟ

ਉਠਾਂਵਦਾ ਮੈਂ । ਓਹੀ ਗੁਰੂ ਗੋਬਿੰਦ ਸਿੰਘ ਨਾਮ ਮੇਰਾ ਸਵਾ ਕੋਸ ਤੋਂ ਬਾਣ ਚਲਾਂਵਦਾ ਮੈਂ । ਸਿਖੀ ਕੈਮ ਰਖੇ ਜੇਹੜਾ ਭਾਗ ਸਿੰਘਾ ਮੇਰਾ ਸਿਖ ਤੇ ਓਹਦਾ ਬਤਾਂਵਦਾ ਮੈਂ ॥

ਵਾਕ ਕਵੀ

ਐਨੀ ਸੁਣੀ ਜਾਂ ਗਲ ਮੈਂ ਖਾਲਸਾ ਜੀ ਬਾਜਾ ਵਾਲੜਾ ਘੋੜਾ ਦੁੜਾਂਵਦਾ ਸੀ । ਖੁਲੀ ਅੱਖ ਤੇ ਭੁੜਕਕੇ ਖਾਲਸਾ ਜੀ ਉਬੜ ਵਾਹਿਆ ਉਠ ਸਧਾਂਵਦਾ ਸੀ । ਚਿਤ ਆਪਣੇ ਸਟੇਸ਼ਨ ਦੇ ਵਲ ਜਾਣਾ ਰਸਤੇ ਹੋਰ ਹੀ ਗਿਰਦੀਆਂ ਖਾਂਵਦਾ ਸੀ। ਅੱਠ ਵਜੇ ਦਾ ਵ[illegible] ਹੋਇਆ ਹਥੋਂ ਗੱਡੀ ਦਾ ਵੇਲਾ ਖੁੰਝਾਂਵਦਾ ਸੀ । ਚਾਰ ਵਜੇ ਦੀ ਗਡੀ ਅਸਵਾਰ ਹੋਕੇ ਅੰਮ੍ਰਿਤਸਰ ਜੀ ਨੂੰ ਚਾਲੇ ਪਾਂਵਦਾ ਸੀ । ਅੰਮ੍ਰਿਤਸਰ ਜੀ ਜਾਇਕੇ ਖਾਲਸਾ ਜੀ ਹਰਮੰਦਰ ਸਾਹਿਬ ਜਾਂ ਸੀਸ ਨਵਾਂਵਦਾ ਸੀ। ਹਰਮੰਦਰ ਸਾਹਿਬ ਨਵਾਏਕੇ ਸੀਸ ਭਾਈ ਦਰਸ਼ਨ ਤਖਤ ਅਕਾਲ ਦਾ ਪਾਂਵਦਾ ਸੀ । ਮੱਥਾ ਟੇਕਕੇ ਤਖਤ ਅਕਾਲ ਭਾਈ ਘੰਟੇ ਘਰ ਦੇ ਵਲ ਸਧਾਂਵਦਾ ਸੀ। ਘੰਟੇ ਘਰ ਤੇ ਬੈਠਕੇ ਭਾਗ ਸਿੰਘਾ ਕਾਫੀ ਰਚਣ ਦਾ ਖਿਆਲ ਦੁੜਾਂਵਦਾ ਸੀ ॥

## ਕਵੀ ਵੱਲੋਂ

ਘੰਟੇ ਘਰ ਤੇ ਬੈਠਕੇ ਖਾਲਸਾ ਜੀ ਬਿਰਤੀ ਗੁਰਾਂ ਦੇ ਚਰਨੀ ਲਗਾਈ ਵੀਰੋ । ਅੱਠਾਂ ਘੰਟਿਆਂ ਦੇ ਵਿੱਚ ਬੈਠ ਕਰਕੇ ਅਤੇ ਦਾਸ ਨੇ ਕਾਪੀ ਬਣਾਈ ਵੀਰੋ। ਬਾਜਾ ਵਾਲੇ ਸਨੇਹੜਾ ਦਿੱਤਾ ਜੋਹੜਾ ਕੀਤੀ ਪੰਥ ਦੇ ਤਾਂਈ ਸੁਣਾਈ ਵੀਰੋ। ਥੋੜੀ ਡੇਰ ਦੇ ਵਿਚ ਹੀ ਖਾਲਸਾ ਜੀ ਭਾਗ ਸਿੰਘਨੇ ਕਾਪੀ ਛਪਾਈ ਵੀਰੋ।

### ਤੁਬਾ

ਕਈ ਸਜਨ ਕੈਂਹਦੇ ਹਨ ਗੁਰੂ ਦੇ ਬਾਗ ਅਤੇ ਨਨਕਾਣੇ ਸਾਹਿਬ ਦੀਆਂ ਕਾਪੀਆਂ ਅਗੇ ਛਪ ਚੁਕੀਆਂ ਹਨ ਸੋ ਨੀਚ ... ਇਸ ਕਾਪੀ ਦਾ ਭਾਵ ਏਹੋ ਹੀ ਰਖਿਆ ਹੈ ਕੇ ਇਸ ਜਾਬਰ ਨੌਕਰ ਸ਼ਾਹੀ ਨੇ ਸਾਡੇ ਧਰਮੀ ਵੀਰਾਂ ਉਤੇ ਐਦੂ ਅਗੇ ਅਗੇ ਲਾ ਨਨਕਾਣੇ ਸਾਹਿਬ ਅਤੇ ਗੁਰੂ ਕੇ ਬਾਗ ਅਤੇ ਪੰਜਾ ਸਾਹਿਬ ਤਾਈਂ ਬੜੀਆਂ ਤੋਂ ਬੜੀ ਸਖਤੀਆਂ ਕਰਕੇ ਅਤੇ ਫੇਰ ਛੇਕੜ ਰਾਤ ਦੇ ਚੋਰ ਵਾਂਗੂ ਨਸਦੀ ਰਹੀ ਲੇਕਨ ਅਜੇ ਵੀ ਇਸ ਜਾਬਰ ਨੌਕਰਸ਼ਾਹੀ ਨੂੰ ਸ਼ਰਮ ਨਹੀਂ ਆਈ ਹੁਣ ਫੇਰ ਜਗਾ ਜਗਾ ਪੰਗੇ ਲੈਂਦੀ ਹੈ ਗੁਰਦੁਵਾਰਾ ਗੰਗਸਰ ਅਤੇ ਭਾਈ ਫੇਰੋ ਖਾਲਸੇ ਨਾਲ ਮੋਰਚੇ ਲਾਈ ਬੈਠੀ ਹੈ । ਲੇਕਨ

ਅਸੀ ਏਸ ਨੌਕਰਸ਼ਾਹੀ ਨੂੰ ਅਛੀ ਤਰਾਂ ਦਸ ਦਿੰਦੇ ਹਾਂ ਕੇ ਖਾਲਸੇ ਨਾਲ ਮੋਰਚੇ ਕੁਛ ਵਿਚਾਰਕੇ ਅਤੇ ਆਪਨੀ ਤਾਕਤ ਵੱਨੀਂ ਖਿਆਲ ਕਰਕੇ ਲਾਇਆ ਕਰੋ ਵਿਚੋਂ ਹੀ ਚੋਰਾਂ ਵਾਂਗੂ ਨਾ ਭਜ ਜਾਇਆ ਕਰੋ।

**ਬੈਂਤ**

ਤੁਛ ਬੁਧੀ ਤੇ ਓਵਰ ਨਦਾਨ ਮੇਰੀ ਦਾਸ ਚਿਤ ਦੇ ਵਿਚ ਵਿਚਾਰ ਕੀਤੀ। ਅੱਠਾਂ ਘੰਟਿਆਂ ਦੇ ਵਿੱਚ ਸ਼ੁੱਤ ਕਾਪੀ ਧੰਟੇ ਘੁਰ ਤੇ ਬੈਠ ਤਿਆਰ ਕੀਤੀ। ਕਾਰੋਨੇਸ਼ਨ ਪ੍ਰੈਸ ਦੇ ਵਿਚ ਭਾਈ ਪੈਹਲੇ ਛਾਪਨੀ ਦੇ ਹਜ਼ਾਰ ਕੀਤੀ। ਏਸ ਕਾਪੀ ਦੇ ਵਿਚ ਭਾਗ ਸਿੰਘਾ ਧੋਸੇ ਧਾਜ ਭੇਜੀ ਸਰਕਾਰ ਕੀਤੀ॥

ਕਵੀ ਦਾ ਪਤਾ

ਰਖੋ ਦਾਸ ਦੀ ਤਰਫ ਖਿਆਲ ਭਾਈ ਕਵੀ ਆਪਣਾ ਪਤਾ ਬਤਾਂਵਦਾ ਮੈਂ ਮੱਤਾ ਪਿੰਡ ਗੁੰਬੀ ਦੀ ਕਾਰ ਮੇਰੀ ਗੁਰੂ ਘਰ ਦੀ ਸੇਵਾ ਕੁਮਾਂਵਦਾ ਮੈਂ ਜੈਤੋ ਮੰਡੀ ਤੋਂ ਚਾਰ ਹੈ ਮੀਲ ਭਾਈ ਜਿਤ ਗਿਲ ਨਜ਼ੀਕ ਅਲਾਂਵਦਾ ਮੈਂ। ਹਥ ਜੋੜਕੇ ਪੰਥ ਨੂੰ ਭਾਗ ਸਿੰਘਾ ਫਤੇ ਹੋਏ ਨਮਾਣਾ ਬੁਲਾਂਵਦਾ ਮੈਂ॥

**ਸੰਪੂਰਣੰ**

# ਅਸਲੀ ਅਸਪਾਤੀ ਕ੍ਰਿਪਾਨਾਂ

## ਧੋਖੇ ਤੋਂ ਬਚੋ

ਤੇ ਹਮੇਸ਼ਾਂ ਯਾਦ ਰਖੋ ਕਿ ਆਪ ਨੂੰ ਕੋਈ ਦੁਕਾਨਦਾਰ ਭੀ ਅਧੇ ਮੁਲ ਤੋਂ ਕ੍ਰਿਪਾਨਾਂ ਨਹੀਂ ਦੇ ਸਕਦਾ ਸਾਡੀ ਦੁਕਾਨ ਤੇ ਅਸਲੀ ਅਸਪਾਤ, ਰੇਲ, ਦੀ ਕਮਾਨੀ ਦੀਆਂ ਕ੍ਰਿਪਾਨਾਂ ਬੜੀ ਰਿਐਤ ਨਾਲ ਮਿਲਦੀਆਂ ਹਨ, ਇਕ ਵਾਰੀ ਮੰਗਵਾਕੇ ਜ਼ਰੂਰ ਅਜ਼ਮਾ ਓ।

ਕ੍ਰਿਪਾਨ ਤਿੰਨ ਫੁਟ ਕ੍ਰਿਚ ਫੈਸ਼ਨ ਯਾ ਤਲਵਾਰ ਫੈ ਨ ਭੇਟਾ ਰਿਐਤੀ ੧੦)
,, ਢਾਈ ਫੁਟ ਕ੍ਰਿਚ ਫੈਸ਼ਨ ਭੇਟਾ ੯)
,, ਡੇਢ ਫੁਟ ਲੋਹਾ ੪) ਤੇ ਸਿਪਾਵਾ ੭॥।)
,, ਇਕ ਫੁਟ ਕਲੀਆਂ ਵਾਲੀ ਫੈਨਸੀ ਭੇਟਾ ੩)
,, ਇਕ ਫੁਟ ਸਿਆਲਕੋਟ ਫੈਸ਼ਨ ਨਿਕਲ ਕੀਤੀ ਹੋਈ ੨॥।)
,, ਇਕ ਫੁਟ ਪਿਤਲ ਮੁਠ ੨) ਤੋਂ ੯ ਇੰਚੀ ੧॥=)
,, ਇਕ ਫੁਟ ਕਾਬਲੀ ਫੈਸ਼ਨ ਨਿਕਲ ਕੀਤੀ ਹੋਈ ਭੇਟਾ ੨।) ਤੇ ਬਗੈਰ ਨਿਕਲ ੨)
,, ਇਕ ਫੁਟ ਸਰਬਲੋਹ ਭੇਟਾ ਫੈਸ਼ਨ ੧॥।)
,, ੯ ਇੰਚੀ ਦਸਤਾ ਸਿਪ ੩=)
,, ੯ ਇੰਚੀ ਦਸਤਾ, ਪਿਤਲ, ਵਧੀਆ, ੨) ਤੇ ੨।)
,, ੯ ਇੰਚੀ ਫੈਨਸੀ ੨)
,, ੯ ਇੰਚੀ ਸਿਆਲਕੋਟ ਫੈਸ਼ਨ ਨਿਕਲ ੨)
,, ੯ ਇੰਚੀ ਸਰਬ ਲੋਹ ੧॥) ਵਧੀਆ ੧॥।)

ਚਮੜੇ ਦੇ ਗਾਤਰੇ ੧।), ੧), ॥।=), ॥।), ਅਤੇ ॥)
ਬਚਿਆਂ ਦੇ ਚਮੜੇ ਦੇ ਗਾਤ੍ਰੇ ॥=), ।=), ਗਾਤ੍ਰਾ ਖਦਰ ਫੁਲਦਾਰ ।)

ਨੋਟ—ਆਰਡਰ ਦੇਨ ਵੇਲੇ ਇਸ ਕਿਤਾਬ ਦਾ ਹਵਾਲਾ ਜ਼ਰੂਰ ਦੇਣ ਦੀ ਖੇਚਲ ਕਰਨੀ ਜੀ।

ਪੁਸਤਕਾਂ, ਕੰਘੇ, ਕੜੇ, ਕ੍ਰਿਪਾਨਾਂ ਅਤੇ ਅੰਮ੍ਰਿਤਸਰ ਦੀ ਹਰ ਇਕ ਵਸਤੂ ਮੰਗਾਨ ਦਾ ਪਤਾ:—

## ਭਾਈ ਮਨੀ ਸਿੰਘ ਐਂਡ ਕੰਪਨੀ

ਕ੍ਰਿਪਾਨਾਂ ਵਾਲੇ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਨਾ ਮੂਲ ਹੈਈ ਪਾਕੇ ਮਿਟੀ ਦਾ ਤੇਲ ਜੁਲਾਇ ਦਿਤੇ। ਦਲੀਪ ਸਿੰਘ ਵਰਗੇ ਸੋਹਣੇ ਵੀਰ ਸਾਡੇ ਜੀਉਂਦੇ ਭਠੀਆਂ ਦੇ ਵਿਚ ਡਾਹ ਦਿਤੇ।ਚੰਗਾਕੀਤਾ ਅਨਸਾਫ ਏਹ ਜਾਬਰਾਂ ਨੇ ਵੀਰ ਗੋਲੀਆਂ ਮਾਰ ਉਡਾਏ ਦਿਤੇ। ਸਿਰ ਕਟਕੇ ਨਾਲ ਗੰਡਾਸਿਆ ਦੇ ਧੂ ਧੂ ਕੇ ਧੜੇ ਲਗਾਏ ਦਿਤੇ ਲਛਮਣ ਸਿੰਘ ਦਾ ਕਟੀਕੇ ਸੀਸ ਸੋਹਣਾ ਭਾਗ ਸਿੰਘਾ ਨਟੈਣੂ ਵਖਾਏ ਦਿ ੇ।

ਵਾਕ ਕਵੀ

ਏਤਨਾ ਜ਼ੁਲਮ ਨਨਕਾਣੇ ਦੇ ਵਿਚ ਕੀਤਾ ਲਿਆ ਸਿੰਘਾਂ ਨੇ ਪੈਰ ਹਟਾ ਕਿਥੇ। ਪਈ ਭੀੜ ਤੇ ਜਾਬਰਾ ਨਸ ਗਇਓਂ ਲਈ ਆਪਣੀ ਜਾਨ ਲੁਕਾ ਕਿਥੇ ਨਜਰ ਵਿਚ ਨਨਕਾਣੇ ਦੇ ਆਂਵਦਾ ਨੀ ਹੁਣ ਆਏਕੇ ਮੁਖ ਵਿਖਾ ਕਿਥੇ। ਵੇਖ ਖਾਲਸੇ ਨੂੰ ਕਿਦਰ ਭਜ ਗਇਓਂ ਜਾਬਰ ਆਇਕੇ ਗੋਲੀ ਚਲਾ ਕਿਥੇ। ਦਲੀਪ ਸਿੰਘ ਵਰਗੇ ਸਾਡੇ ਪਿਆਰਿਆਂ ਨੂੰ ਆਕੇ ਭੱਠੀਆਂ ਦੇ ਵਿਚ ਡਾਹ ਕਿਥੇ। ਓਹੀ ਧਾਮ ਨਨਕਾਣਾ ਹੈ ਸਾਹਿਬ ਜ਼ਾਬਰ ਭਾਗ ਸਿੰਘ ਛੇਤੀ ਫੇਰਾ ਪਾ ਕਿਥੇ॥

ਏਨੇ ਦੁਖ ਨਨਕਾਣੇ ਦੇ ਵਿਚ ਝੱਲੇ ਅਸਾਂ ਫੇਰ ਵੀ ਸ਼ਾਂਤੀ ਆਨ ਰਖੀ। ਸਿਰ ਤੇ ਆਪਣੇ ਕਸ਼ਟ

ਸਹਾਰੇ ਬਹੁਤੇ ਐਪਰ ਪੰਥ ਦੀ ਆਨ ਤੇ ਸ਼ਾਨ ਰਖੀ। ਗਲੀ ਯਾਰਦੀ ਜਾਣਨੂੰ ਤਿਆਰ ਹੋਏ ਪਹਿਲਾਤਲੀ ਤੇ ਆਪਣੀ ਜਾਨ ਰਖੀ। ਅਜੇ ਏਥੇ ਹੀ ਬਸ ਨੀ ਭਾਗ ਸਿੰਘਾ ਗੁਰੂ ਬਾਗ ਦੇ ਵਲ ਧਿਆਨ ਰਖੀ। ਲੈਣ ਲਕੜਾਂ ਗੁਰੂ ਦੇ ਬਾਗ ਵੱਨੀ ਜਥਾ ਚਲਿਆ ਹੋਏ ਰੁਵਾਨ ਹੈਸੀ। ਨੈਹਰ ਛੀਨਿਆਂ ਵਾਲੜੇ ਪੁਲ ਉਤੇ ਜ਼ਾਬਰ ਡਾਂਗਾਂ ਦਾ ਮੀਂਹ ਵਰਸਾਨ ਹੈਸੀ। ਕਢ ਛਾਤੀਆਂ ਜਾਂਵਦੇ ਬਾਗ ਵੱਲੇ ਸੋਹਣੇ ਗੁਰੂ ਦੇ ਲਾਲ ਜੁਆਨ ਹੈਸੀ। ਵਰਖਾ ਡਾਂਗਾਂ ਦੀ ਆਣਕੇ ਹੋਣ ਲਗੀ ਦਿਸਣ ਚਲਦੇ ਖੂਨ ਦੇ ਘਾਨ ਹੈਸੀ। ਸਿਰੜ ਵੇਖਕੇ ਸਿੰਘਾਂ ਦੀ ਹਿੰਦੂਆਂ ਨੇ ਗਏ ਥਕ ਤੇ ਹੋਏ ਹੈਰਾਨ ਹੈਸੀ। ਜ਼ਾਬਰ ਅਜੇ ਬੀ ਬਸ ਨਾ ਮੂਲ ਕੀਤੀ ਝਟ ਪਟ ਮੰਗਾਏ ਪਠਾਨ ਹੈਸੀ। ਸਿੰਘ ਫੇਰ ਵੀ ਪਿਛੇ ਨਾ ਮੂਲ ਹਟੇ ਲਾਇਆ ਓਨਾਂ ਨੇ ਆਪਣਾ ਤਾਨ ਹੈਸੀ। ਅਗੋਂ ਮਥੇ ਤੇ ਜ਼ਾਲਮ ਸੀ ਡਾਂਗ ਮਾਰਨ ਸਿੰਘ ਅਗੇ ਨੂੰ ਪੈਰ ਚਲਾਨ ਹੈਸੀ। ਵਜੇ ਡਾਂਗ ਤੇ ਪਿਛੇ ਨਾ ਪੈਰ ਧਰਦੇ ਸਿਧੇ ਬਾਗ ਦੀ ਤਰਫ ਨੂੰ ਜਾਨ ਹੈਸੀ। ਘਰੀਂ ਆਏ ਵਛੋੜਕੇ ਮਾਈਆਂ ਨੂੰ ਕਈ ਵਿਚ ਭੁਝੰਗੀ ਨਦਾਨ ਹੈਸੀ। ਸਿਰ ਜਾਵੇ ਤੇ ਸਿਦਕ ਨਾ ਮੂਲ ਜਾਵੇ ਭਾਗ ਸਿੰਘਾ

ਏਹ ਸ਼ਬਦ ਅਲਾਨ ਹੈਸੀ।

ਵਾਕ ਕਵੀ

ਸਾਡੇ ਸੋਹਣਿਆ ਧਰਮੀ ਪਤੰਗਿਆਂ ਤੇ ਕਰਕੇ ਜ਼ਾਬਰਾ ਜ਼ੁਲਮ ਦੀ ਹਦ ਗਇਓਂ। ਨਾਲ ਖਾਲਸੇ ਮਥਾ ਲਗਾਇਆ ਸੀ ਗੀਦੀ ਬਣਕੇ ਕਾਸਤੋਂ ਭਜ ਗਇਓਂ। ਤੂਤਾ ਬਾਗ ਦਾ ਮਾਲੀ ਕੁਹਾਂਵਦਾ ਸੀ ਕੋਲੋਂ ਖਾਲਸੇ ਦੇ ਕਾਨੂੰ ਛਡ ਗਇਓਂ। ਭਾਗਸਿੰਘ ਹੋਰੀ ਵਾਜਾ ਮਾਰਦੇ ਨੇ ਦਿਸੇ ਨਹੀਂ ਕੇਹੜੇ ਖੂਜੇ ਲਗ ਗਇਓਂ॥

ਵਾਕ ਕਵੀ

ਅਜੇ ਫੇਰ ਵੀ ਤੂੰ ਪੰਗੇ ਲਈ ਜਾਵੇਂ ਦਿਲ ਆਪਦੇ ਵਿਚ ਵਿਚਾਰ ਜਾਬਰ। ਚੰਗੀ ਚਾਹੁਨੈ ਤਾਂ ਮੋੜਦੇ ਪਤੀ ਨਾਭਾ ਤੈਨੂੰ ਆਖਦੇ ਹਾਂ ਬਾਰ ਬਾਰ ਜਾਬਰ। ਆਵੇ ਸ਼ਰਮ ਨਈਓ ਐਦੂ ਅਗੇ ਕਿੰਨੀ ਖਾਧੀ ਖਾਲਸੇ ਦੇ ਪਾਸੋਂ ਹਾਰ ਜ਼ਾਬਰ। ਐਸੇ ਤਰਾਂ ਹੀ ਜੇਤੂ ਅਨਸਾਫ ਕਰਨੇ ਛੇਤੀ ਹੋਜਾ ਸਮੁੰਦਰੋਂ ਪਾਰ ਜਾਬਰ। ਬਾਗੀ ਆਪ ਹੋਇਓਂ ਆਂਦੀ ਸ਼ਰਮ ਨਾਹੀਂ ਦਿਤਾ ਪੰਥ ਨੂੰ ਬਾਗੀ ਕਰਾਰ ਜਾਬਰ। ਸਿਧਾ ਹੋਇਕੇ ਲਗਜਾ ਇਕ ਪਾਸੇ ਚਾਰੇ ਤ਼ਰਫ ਨਾ ਪੈਰ ਖਲਾਰ ਜਾਬਰ। ਸ਼ਾਂਤਮਈ ਦੀ ਤੇਗ

23

ਨੂੰ ਹਥ ਫੜਕੇ ਤੇਰਾ ਤੋੜਨਾ ਬੈਠ ਹੰਕਾਰ ਜ਼ਾਬਰ । ਅਜੇ ਵਿਗੜਿਆ ਕੁਝ ਨਹੀਂ ਬਾਜ ਆਜਾ ਭਾਗ ਸਿੰਘ ਜੀ ਕਹਿ ਪੁਕਾਰ ਜ਼ਾਬਰ ।

ਤੁਕਾ

ਭਾਵੇਂ ਅਗੇ ਮਹੰਤ ਨਰੈਣੂ ਹੋਵੇ ਸਿਧੇ ਵਿਚ ਨਨਕਾਣੇ ਦੇ ਜਾਈਏ ਅਸੀ । ਜਾਕੇ ਗੁਰੂ ਕੇ ਬਾਗ ਦੇ ਵਿਚ ਜਾਬਰ ਡਾਂਗਾਂ ਖੜੇ ਪਠਾਣਾਂ ਤੋਂ ਖਾਈਏ ਅਸੀ । ਤੈਨੂੰ ਛੁਟੀ ਸੀ ਜਰਮਨ ਭੁਗਾਂਵਦਾ ਸਾ ਓਥੇ ਹੋਈਏ ਤੇ ਤੈਨੂੰ ਛੁਡਾਈਏ ਅਸੀ । ਕਰੇਂ ਹੁਕਮ ਤੇ ਪਿਛਾਹ ਨਾ ਪੈਰ ਧਰੀਏ ਅਗੇ ਗੋਲੀਆਂ ਛਾਤੀਆਂ ਡਾਹੀਏ ਅਸੀਂ । ਓਦੋਂ ਜੇਹੀਆਂ ਮੁਸੀਬਤਾਂ ਔਣ ਕਿਤੇ ਚੇਤੇ ਫੇਰ ਹੀ ਜਾਬਰਾ ਆਈਏ ਅਸੀ । ਭੀੜਾਂ ਪੈਣ ਕਿਤੇ ਤੈਨੂੰ ਭਾਗ ਸਿੰਘ ਓਦੋਂ ਚਿਟਾ ਜੁਆਬ ਸੁਣਾਈਏ ਅਸੀਂ ॥

ਔਜਨ

ਵੇਲਾ ਭੁਲ ਗਿਆ ਜਾਬਰਾ ਯਾਦ ਕਰ ਲੈ ਜਰਮਨ ਨਾਲ ਤੇ ਜੰਗ ਲਗਾਇਆ ਸੀ । ਗੋਲੀ ਵਾਂਗ ਵਰਸਾਤ ਦੇ ਚਲਦੀ ਸੀ ਅਸਾਂ ਪਿਛੇ ਨਾ ਪੈਰ ਹਟਾਇਆ ਸੀ। ਵੀਰ ਵਾਂਗ ਪਤੰਗਾਂ ਦੇ ਭੁਜਦੇ ਸੀ ਤੈਨੂੰ ਤਰਸ ਨਾ ਜਾਬਰਾ ਆਇਆ ਸੀ। ਅਗੇ